# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ

ਈ-ਬਲਾਕ, ਚੋਥੀ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਮੋਹਾਲੀ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ)
ਪੰਜਾਬ।

ਪੱਤਰ ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ-13
ਮਿਤੀ 08.07.13

**ਵਿਸ਼ਾ:- ਸਾਲ 2013-14 ਦੀ ਬਦਲੀਆਂ ਸਬੰਧੀ ਨੀਤੀ ਵਿਚ ਸੋਧ।**

1 ਹਵਾਲਾ:- ਪੱਤਰ ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ-1-8 ਮਿਤੀ 05.07.13

2 ਇਸ ਦਫ਼ਤਰ ਦੇ ਪੱਤਰ ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ-1-8 ਮਿਤੀ 05.07.13 ਅਧੀਨ ਜਾਰੀ ਬਦਲੀਆਂ ਦੀਆ ਅਗਵਾਈ ਲੀਹਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

(ੳ) ਅੰਗਰੇਜ਼ੀ ਵਿਸ਼ੇ ਦੇ ਅਧਿਆਪਕ ਸਮਾਜਿਕ ਸਿੱਖਿਆ ਦੀਆ ਖ਼ਾਲੀ ਅਸਾਮੀਆਂ ਵਿਰੁਧ ਬਦਲੀ ਲਈ ਬਿਨੈ ਪੱਤਰ ਦੇ ਸਕਦੇ ਹਨ।

(ਅ) ਸਵੈ-ਘੋਸ਼ਣਾ ਪੱਤਰ ਦੀ ਸ਼ਰਤ ਨੰਬਰ 3 ਵਿਚ ਦਰਜ਼ ਮਿਤੀ 01.08.12 ਦੀ ਥਾਂ ਮਿਤੀ 01.08.10 ਪੜਿਆਂ ਜਾਵੇ।

(ੲ) ਅਧਿਆਪਕ/ਨਾਨ-ਟੀਚਿੰਗ ਸਟਾਫ਼ ਦੀਆ ਬਦਲੀਆਂ ਦੇ ਪ੍ਰਫ਼ਾਰਮੇ ਵਿਚ ਲੜੀ ਨੰ. 7 ਦੇ ਪੁਆਇੰਟ (ਗ) ਨੂੰ "ਨੌਕਰੀ ਕਰ ਰਹੇ ਫ਼ੌਜੀ ਦੀ ਪਤਨੀ" ਅਤੇ ਪੁਆਇੰਟ (ਘ) ਨੂੰ "ਉਪਰੋਕਤ ਵਿਚੋਂ ਕੋਈ ਨਹੀਂ" ਪੜਿਆਂ ਜਾਵੇ।

ਡਿਪਟੀ ਡਾਇਰੈਕਟਰ (ਸ.ਪ੍ਰ)
ਪੰਜਾਬ

ਪਿ.ਅੰ.ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ 14-16 ਮਿਤੀ 08.07.13

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ ਜੀ।

(1) ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।

(2) ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।

(3) ਮੰਡਲ ਸਿੱਖਿਆ ਅਫਸਰ, ਨਾਭਾ, ਫ਼ਰੀਦਕੋਟ, ਜਲੰਧਰ।

ਡਿਪਟੀ ਡਾਇਰੈਕਟਰ (ਸ.ਪ੍ਰ)
ਪੰਜਾਬ

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ

ਈ-ਬਲਾਕ, ਚੋਥੀ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਮੋਹਾਲੀ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ)
ਪੰਜਾਬ।

ਪੱਤਰ ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ-9
ਮਿਤੀ 05.07.13

ਵਿਸ਼ਾ:- **ਸਾਲ 2013-14 ਦੀ ਬਦਲੀਆਂ ਸਬੰਧੀ ਨੀਤੀ।**

1 ਉਪਰੋਕਤ ਵਿਸ਼ੇ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਐ.ਸਿੱ/ਸੈ.ਸਿੱ), ਪੰਜਾਬ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਸਾਲ 2013-14 ਦੀ ਬਦਲੀਆਂ ਸਬੰਧੀ ਨੀਤੀ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

2 ਜਿਲ੍ਹਾ ਸਿੱਖਿਆ ਅਫਸਰ ਆਪਣੇ ਜਿਲ੍ਹੇ ਦੀਆ ਖ਼ਾਲੀ ਅਸਾਮੀਆਂ ਦੀ ਸੂਚੀ ਦਫਤਰ ਦੇ ਬਾਹਰ ਲਗਾਉਣਗੇ। ਜੇਕਰ ਇਨ੍ਹਾਂ ਅਸਾਮੀਆਂ ਵਿਚ ਕੋਈ ਤਬਦੀਲੀ ਆਉਂਦੀ ਹੈ ਤਾਂ ਸੂਚੀ ਵਿਚ ਸੋਧ ਕਰਨ ਉਪਰੰਤ ਸੂਚੀ ਦੋਬਾਰਾ ਬਾਹਰ ਲਗਾਈ ਜਾਵੇ। ਮਿਤੀ 12.07.13 ਤੱਕ, ਇਨ੍ਹਾਂ ਖ਼ਾਲੀ ਅਸਾਮੀਆਂ ਦੀ ਸੂਚੀ ਦੋ ਪੜਤਾਂ ਵਿਚ ਇਸ ਦਫਤਰ ਨੂੰ ਭੇਜੀ ਜਾਵੇ।

3 ਬਦਲੀਆਂ ਲਈ ਬਿਨੈ ਪੱਤਰ ਨਾਲ ਨੱਥੀ ਪ੍ਰੋਫ਼ਾਰਮੇ ਅਨੁਸਾਰ ਹੀ ਮੰਗੇ ਜਾਣ। ਸਰਪਲਸ ਖ਼ਾਲੀ ਅਸਾਮੀਆਂ ਨੂੰ ਖ਼ਾਲੀ ਅਸਾਮੀਆਂ ਦੀ ਸੂਚੀ ਵਿਚ ਦਰਸਾਇਆ ਨਾ ਜਾਵੇ। ਖ਼ਾਲੀ ਅਸਾਮੀਆਂ ਦੀ ਸੂਚੀ ਤਿਆਰ ਕਰਨ ਸਮੇਂ ਗਲਤ ਇੰਦਰਾਜਾਂ ਕਾਰਨ ਜੇਕਰ ਕੀਤੀ ਗਈ ਬਦਲੀ ਲਾਗੂ ਨਹੀਂ ਹੁੰਦੀ ਤਾਂ ਸਬੰਧਤ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

4 ਪ੍ਰਾਇਮਰੀ ਵਿਭਾਗ ਦੀਆ ਬਦਲੀਆਂ ਲਾਗੂ ਕਰਨ ਸਮੇਂ ਇਹ ਵੇਖ ਲਿਆ ਜਾਵੇ ਕਿ ਸਕੂਲ ਵਿਚ ਘੱਟ ਤੋਂ ਘੱਟ ਦੋ ਅਧਿਆਪਕ ਲਾਜ਼ਮੀ ਹੋਣ।

5/7/13

**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**

ਪਿ.ਅੰ.ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ 10-12 ਮਿਤੀ 05.07.13

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ ਜੀ।

(1) ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।

(2) ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।

(3) ਮੰਡਲ ਸਿੱਖਿਆ ਅਫਸਰ, ਨਾਭਾ, ਫ਼ਰੀਦਕੋਟ, ਜਲੰਧਰ।

**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**